ਪੁਸਤਕ ਨੰ: ੧੩

# ਚੰਦ੍ਰਕਾਂਤਾ

## ਸੰਤਤਿ

G-711

### ਭਾਗ ਨੌਵਾਂ

ਪ੍ਰਕਾਸ਼ਕ !

ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ, ਬਜਾਰ ਮਾਈ ਸੇਵਾਂ,

ਅਮ੍ਰਿਤਸਰ

V.9
24395

ਸ਼ਿਮਲਾ ਪ੍ਰਿੰਟਿੰਗ ਪ੍ਰੈਸ ਅਮ੍ਰਿਤਸਰ ਵਿਚ
ਡੀ. ਮੋਹਨ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ ॥

15.5.35 S.B. Agency

੧ਓਤਗੁਰਪ੍ਰਸਾਦਿ ॥

# ਚਦ੍ਰਕਾਂਤਾ ਸੰਤਿਤ-ਨੌਵਾਂ ਹਿੱਸਾ

## ਕਾਂਡ ੧

ਹੁਣ ਓਹ ਵਲਾ ਆਗਿਆ ਹੈ ਕਿ ਅਸੀਂ ਆਪਣੇ ਪਾਠਕਾਂ ਨੂੰ ਤਲਿਸਮ ਦੀ ਸੈਲ ਕਰਾਈਏ ਕਿਉਂਕਿ ਕੌਰ ਸਇੰਦ੍ਰਜੀਤ ਸਿੰਘ ਅਰ ਅਨੰਦ ਸਿੰਘ ਮਾਯਾ ਰਾਣੀ ਦੇ ਤਲਿਸਮੀ ਬਾਗ ਦੇ ਚੌਥੇ ਦਰਜੇ ਵਿਚ ਜਾ ਬਿਰਾਜੇ ਹਨ, ਜਿਸਨੂੰ ਤਲਿਸਮ ਦਾ ਦਰਵਾਜਾ ਕਹਿਣਾ ਚਾਹੀਦਾ ਹੈ, ਉਪਰ ਦੇ ਹਿੱਸੇ ਵਿਚ ਏਹ ਲਿਖ ਚੁਕੇ ਹਾਂ ਕਿ ਭੈਰੋਂ ਸਿੰਘ ਨੂੰ ਰੋਹਤਾਸਗੜ੍ਹ ਵਲ ਅਰ ਰਾਜਾ ਗੁਪਾਲ ਸਿੰਘ ਤੇ ਦੇਵੀ ਸਿੰਘ ਨੂੰ ਕਾਂਸ਼ੀ ਵਲ ਭੇਜਨ ਦੇ ਪਿਛੋਂ ਇੰਦ੍ਰਜੀਤ ਸਿੰਘ, ਅਨੰਦ ਸਿੰਘ ਤੇਜ ਸਿੰਘ ਤਾਰਾ ਸਿੰਘ ਸ਼ੇਰ ਸਿੰਘ ਅਤੇ ਲਾਡਲੀ ਨੂੰ ਨਾਲ ਲੈਕੇ ਕਮਲਨੀ ਤਲਿਸਮੀ ਬਾਗ ਦੇ ਚੌਥੇ ਦਰਜੇ ਵਚ ਜਾ ਪਹੁੰਚੀ ਅਰ ਰਾਜਾ ਗੁਪਾਲ ਸਿੰਘ ਦੇ ਕਹੇ ਅਨੁਸਾਰ ਦੇਵ ਮੰਦਰ ਵਿਚ (ਜਿਸਦਾ ਹਾਲ ਅੱਗੇ ਖੁਲੇਗਾ) ਡੇਰਾ ਪਾ ਦਤਾ । ਪਿਛੇ ਅਸਾਂ ਕਮਲਨੀ, ਕੌਰ ਇੰਦ੍ਰਜੀਤ ਸਿੰਘ ਆਦਿਕਾਂ ਨੂੰ ਦਰੋਗੇ ਵਾਲੇ ਬੰਗਲੇ ਪਾਸ ਇਕ ਉਚੇ ਟਿਲੇ ਉਤੇ ਪੁਚਾਕੇ ਹੀ ਛੱਡ ਦਿਤਾ ਸੀ ਪਰ ਏਹ ਨਹੀਂ ਸੀ

ਲਿਖਿਆ ਕਿ ਏਹ ਕਿਸ ਰਸਤੇ ਪਹੁੰਚੇ ਜਾਂ ਓਹ ਰਾਹ ਕਿਸਤਰਾਂ ਦਾ ਸੀ, ਹੱਛਾ ਸਾਡੇ ਪਾਠਕ ਏਯਾਰਾਂ ਦੇ ਨਾਲ ਕਈ ਵਾਰੀ ਓਸ ਤਲਿਸਮੀ ਬਾਗ ਵਿੱਚ ਜਾਣਗੇ ਏਸ ਲਈ ਆਪੇ ਉਨ੍ਹਾਂ ਨੂੰ ਰਸਤੇ ਦਾ ਹਾਲ ਮਲੂਮ ਹੋ ਜਾਵੇਗਾ।

ਤਲਿਸਮੀ ਬਾਗ ਦਾ ਚੌਥਾ ਦਰਜਾ ਅਦਭੁਤ ਅਰ ਭਿਆਨਕ ਚੀਜਾਂ ਦਾ ਖਜ਼ਾਨਾ ਸੀ ਓਥੋਂ ਦਾ ਪੂਰਾ ੨ ਹਾਲ ਤਾਂ ਸਭਨੂੰ ਤਦ ਮਲੂਮ ਹੋਵੇਗਾ ਜਦ ਤਲਿਸਮ ਚੰਗੀ ਤਰਾਂ ਟੁੱਟ ਜਾਵੇਗਾ, ਬਾਹਰਲਾ ਹਾਲ ਜੋ ਇੰਦ੍ਰਜੀਤ ਸਿੰਘ ਅਰ ਓਹਨਾਂ ਦੇ ਸਾਥੀਆਂ ਨੇ ਜਾਂਦਿਆਂ ਹੀ ਵੇਖਿਆ ਓਹ ਅਸੀਂ ਏਥੇ ਲਿਖਦੇ ਹਾਂ।

ਓਸ ਹਿਸੇ ਵਿਚ ਫਲ ਫੁਲ ਬੂਟੇ ਆਦਿਕ ਕੁਝ ਭੀ ਨਹੀਂ ਸਨ ਜਿਸ ਕਰਕੇ ਅਸੀਂ ਉਸਨੂੰ ਬਾਗ ਆਖ ਸਕੀਏ, ਚੌਹੀਂ ਪਾਸੀਂ ਤਰਾਂਹ ੨ ਦੀਆਂ ਇਮਾਰਤਾਂ ਬਣੀਆਂ ਹੋਈਆਂ ਸਨ ਜਿਨ੍ਹਾਂ ਦਾ ਹਾਲ ਅਸੀਂ ਓਸ ਦੇਵ ਮੰਦਰ ਨੂੰ ਵਿਚਕਾਰ ਕਰਕੇ ਲਿਖਦੇ ਹਾਂ ਜਿਸ ਵਿਚ ਸਾਡੇ ਦੋਨੋਂ ਕੌਰ ਅਰ ਦੋਵੇਂ ਨੇਕ ਦਿਲ ਔਰਤਾਂ ਅਰ ਓਹਨਾਂ ਦੇ ਸਾਥੀ ਬਿਰਾਜਮਾਨ ਹੋਣ ਜਿਹਾਕੁ ਨਾ ਤੋਂ ਸਮਝਿਆ ਜਾਂਦਾ ਹੈ ਓਹ ਦੇਵ ਮੰਦਰ ਵਾਸਤਵ ਵਿਚ ਕੋਈ ਮੰਦਰ ਜਾਂ ਸ਼ਿਵਾਲਾ ਨਹੀਂ ਸੀ ਓਹ ਕੇਵਲ ਇਕ ਮਕਾਨ ਲਾਲ ਪੱਥਰ ਦਾ ਬਣਿਆ ਹੋਇਆ ਸੀ ਜਿਸ ਵਿਚ ਦਸ ਹੱਥ ਉਚੀ ਕੁਰਸੀ ਉਤੇ ਇਕ ਚਾਲੀ ਥੰਮਾਂ ਉਤੇ ਬੜਾ ਸੋਹਣਾ ਕਮਰਾ ਬਣਿਆ ਹੋਇਆ ਸੀ ਇਸਦੇ ਵਿਚਕਾਰ ਇਕ ਦਸ ਹਥ ਘੇਰੇ ਦਾ ਗੋਲ ਥੰਮ ਬਣਿਆ ਹੋਇਆ ਸੀ ਜਿਸਦੇ ਉਪਰ ਤਰਹਾਂ ਤਰਾਂਹ ਦੀਆਂ ਮੂਰਤਾਂ



ਉੱਕਰੀਆਂ ਹੋਈਆਂ ਸਨ, ਜਿਸਦੇ ਸਿਵਾ ਦੇਵ ਮੰਦਰ ਵਿਚ ਹੋਰ ਕੋਈ ਗੱਲ ਨਹੀਂ ਸੀ, ਅਰ ਓਸ ਦੇਵ ਮੰਦਰ ਦੇ ਅੰਦਰ ਜਾਣ ਲਈ ਬਾਹਰ ਵਲੋਂ ਕੋਈ ਰਸਤਾ ਨਹੀਂ ਸੀ, ਇਸਦੇ ਬਿਨਾਂ ਇਕ ਹੋਰ ਗਲ ਸੀ ਕਿ ਏਸ ਕਮਰੇ ਦੇ ਚੌਹੀਂ ਪਾਸੀਂ ਇਕ ਉੱਚੀ ਕੰਧ ਬਣੀ ਹੋਈ ਸੀ, ਜਿਸ ਕਰਕੇ ਉਸਦੇ ਅੰਦਰ ਰੈਹਨ ਵਾਲਿਆਂ ਨੂੰ ਬਾਹਰੋਂ ਕੋਈ ਨਹੀਂ ਸੀ ਦੇਖ ਸਕਦਾ। ਦੇਵ ਮੰਦਰ ਦੇ ਚੌਹੀਂ ਪਾਸੀਂ ਥੋੜੀ ਜੇਹੀ ਜ਼ਮੀਨ ਤੇ ਪੱਕੀਆਂ ਕਿਆਰੀਆਂ ਬਣੀਆਂ ਹੋਈਆਂ ਸਨ ਅਰ ਓਨਾਂ ਵਿਚ ਭਾਂਤ ਭਾਂਤ ਦੇ ਬੂਟੇ ਲਗੇ ਹੋਏ ਸਨ। ਏਹ ਬੂਟੇ ਅਸਲੀ ਨਹੀਂ ਸਨ ਬਲਕਿ ਇਕ ਪ੍ਰਕਾਰ ਦੀ ਧਾਤੂ ਦੇ ਬਣੇ ਹੋਏ ਸਨ ਅਰ ਅਸਲੀ ਬਨਾਉਣ ਵਾਸਤੇ ਓਨ੍ਹਾਂ ਦੇ ਉਪਰ ਇਕ ਪ੍ਰਕਾਰ ਦਾ ਰੋਗਨ ਕੀਤਾ ਹੋਇਆ ਸੀ, ਸ਼ਾਇਦ ਏਨਾਂ ਬੂਟਿਆਂ ਕਰਕੇ ਹੀ ਓਹ ਹਿੱਸਾ ਬਾਗ ਕਰਕੇ ਸਦਿਆ ਜਾਂਦਾ ਸੀ, ਅਰ ਏਸ ਤਰਾਂ ਬਾਗ ਕਿਹਾ ਜਾਵੇ ਤਾਂ ਹੋ ਭੀ ਸਕਦਾ ਹੈ। ਓਹ ਨਕਲੀ ਬਾਗ ਵਿਚ ਦੋ ਦੋ ਆਦਮੀਆਂ ਦੇ ਬੈਠਨ ਯੋਗ ਕਈ ਕੁਰਸੀਆਂ ਭੀ ਸਨ।

ਏਹਨਾਂ ਕਿਆਰੀਆਂ ਦੇ ਚੁਤਰਫੀਂ ਕਈ ਛੋਟੀਆਂ ੨ ਕੋਠੜੀਆਂ ਅਰ ਮਕਾਨ ਭੀ ਸਨ ਜਿਨ੍ਹਾਂ ਦਾ ਵਖੋ ਵਖ ਹਾਲ ਲਿਖਨਾ ਕੋਈ ਜਰੂਰੀ ਨਹੀਂ ਹੈ ਪਰ ਓਨ੍ਹਾਂ ਚਾਰ ਮਕਾਨਾਂ ਦਾ ਹਾਲ ਲਿਖੇ ਬਿਨਾਂ ਕੰਮ ਨਾ ਚਲੇਗਾ ਜੋ ਦੇਵ ਮੰਦਰ ਦੇ ਚੌਂਹੀਂ ਪਾਸੀਂ ਇਕ ਦੂਜੇ ਦੇ ਸਾਹਮਣੇ ਸਨ, ਅਰ ਓਨ੍ਹਾਂ ਚੌਹਾਂ ਮਕਾਨਾਂ ਦੀ ਬਗਲ ਵਿਚ ਇਕ ਇਕ ਕੋਠੜੀ ਤੋਂ ਥੋੜੀ ਜੇਹੀ ਵਾਟ ਤੇ ਇਕ ਇਕ ਖੂਹ ਸੀ।

**TO READ THE ENTIRE BOOK PLEASE CONTACT US:**


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.